# ਕਾਂਗਰਸ ਅਤੇ ਮਨਮੋਹਨ ਸਿੰਘ ਦੇ ਫੋਕੀਆਂ ਗੱਲਾਂ ਤੇ ਝੂਠੇ ਲਾਰੇ

ਹੈਦਰਾਬਾਦ ਵਿਚ ਚਲ ਰਹੇ ਕਾਂਗਰਸ ਦੇ ਇਜਲਾਸ ਦੇ ਆਖਰੀ ਦਿਨ ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਕਾਂਗਰਸ ਅਤੇ ਹਾਕਮ ਜਮਾਤਾਂ ਦਾ ਝੂਠ ਅਤੇ ਫ਼ਰੇਬ ਇਕ ਬਾਰ ਫਿਰ ਦੁਹਰਾਇਆ। ਮਨਮੋਹਨ ਸਿੰਘ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਵਿਰੋਧੀ ਧਿਰਾਂ ਵਲੋਂ ਪਾਈਆਂ ਹੋਈਆਂ ਔਕੜਾਂ ਅਤੇ ਰੁਕਾਵਟਾਂ ਦੇ ਬਾਵਜੂਦ ਯੂ.ਪੀ.ਏ. ਸਰਕਾਰ ਨੇ ਇਕ ਵਧੀਆ ਸ਼ੁਰੂਆਤ ਕੀਤੀ ਹੈ ਜਿਸ ਤੇ ਰਸ਼ਕ ਕੀਤਾ ਜਾ ਸਕਦਾ ਹੈ। ਇਸ ਰਾਹ ਤੇ ਕਾਇਮ ਰਹਿਣਾ ਜ਼ਰੂਰੀ ਹੈ। ਉਸਨੇ ਅੱਗੇ ਕਿਹਾ ਕਿ ਸਾਨੂੰ ਤਾਕਤ ਵਿਚ ਉਸ ਸਮੇਂ ਤਾਈਂ ਰਹਿਣ ਦੀ ਲੋੜ ਹੈ ਜਦੋਂ ਤਾਈਂ ਸਾਡੇ ਚੁਕੇ ਹੋਏ ਕਦਮਾਂ ਦਾ ਨਤੀਜਾ ਸਾਫ ਜ਼ਾਹਿਰ ਦਿਸਣ ਲਗ ਪਵੇ। ਉਹਨੇ ਇਹ ਵੀ ਕਿਹਾ ਕਿ ਮੁਲਕ ਨੂੰ ਗਰੀਬੀ ਤੋਂ ਛੁਟਕਾਰਾ ਦਿਵਾਉਣਾ ਬਹੁਤ ਜ਼ਰੂਰੀ ਹੈ ਅਤੇ ਠੋਸ ਕਦਮ ਚੁੱਕਣ ਦੀ ਲੋੜ ਹੈ ਜਿਨ੍ਹਾਂ ਨਾਲ ਮਜ਼ਦੂਰ, ਕਾਰੀਗਰ, ਕਿਸਾਨ, ਘੱਟ ਗਿਣਤੀਆਂ ਦੇ ਲੋਕ ਅਤੇ ਕਮਜ਼ੋਰ ਲੋਕਾਂ ਦਾ ਭਵਿਖ ਸੁਨਹਿਰਾ ਬਣ ਸਕੇ। ਉਹਨੇ ਕਿਹਾ ਕਿ ਮਿਹਨਤ, ਸਿਰੜ, ਕੁਰਬਾਨੀ ਅਤੇ ਹਿੰਮਤ ਨਾਲ ਅਸੀਂ ਇਕ ਨਵੇਂ ਹਿੰਦੁਸਤਾਨ ਦੀ ਉਸਾਰੀ ਦੀ ਦਹਿਲੀਜ਼ ਤੇ ਖੜੇ ਹਾਂ।

ਮਨਮੋਹਨ ਸਿੰਘ ਨੇ ਅੱਗੇ ਕਿਹਾ ਕਿ ਉਹਦੀ ਸਰਕਾਰ ਖੇਤੀ ਬਾੜੀ ਅਤੇ ਹੋਰ ਬੁਨਿਆਦੀ ਸਹੂਲਤਾਂ ਲਈ ਪੂੰਜੀ ਲਾ ਕੇ ਰੁਜ਼ਗਾਰ ਮੁਹੱਈਆ ਕਰਨ ਨੂੰ ਤਰਜੀਹ ਦੇ ਰਹੀ ਹੈ ਜਿਸ ਨਾਲ ਆਰਥਿਕਤਾ ਵਿਚ 7-8 ਫੀ ਸਦੀ ਦਾ ਵਾਧਾ ਕਾਇਮ ਰਹਿ ਸਕੇ। ਇਸ ਦੇ ਇਲਾਵਾ ਪੰਜ ਹੋਰ ਵੱਡੀਆਂ ਸਕੀਮਾਂ ਸਰਕਾਰ ਨੇ ਸ਼ੁਰੂ ਕੀਤੀਆਂ ਹਨ ਜਿਨ੍ਹਾਂ ਨਾਲ ਹਿੰਦੁਸਤਾਨ ਦਾ ਖ਼ਾਸਾ ਅਤੇ ਆਮ ਲੋਕਾਂ ਦਾ ਜੀਵਨ ਹੀ ਬਦਲ ਜਾਵੇਗਾ। ਇਹ ਪੰਜ ਸਕੀਮਾਂ ਹਨ ਕੌਮੀ ਰੁਜ਼ਗਾਰ ਗਰੰਟੀ ਐਕਟ 2005, ਕੌਮੀ ਦਿਹਾਤੀ ਸਿਹਤ ਮਿਸ਼ਨ, ਕੌਮੀ ਸ਼ਹਿਰੀ ਨਵੀਨੀਕਰਨ ਮਿਸ਼ਨ, ਦਿਹਾਤੀ ਬਿਜਲੀਕਰਨ ਪ੍ਰੋਗਰਾਮ ਅਤੇ ਭਾਰਤ ਨਿਰਮਾਣ। ਦਿੱਲੀ ਮੈਟਰੋ ਦੀ ਕਾਮਯਾਬੀ ਦਾ ਜ਼ਿਕਰ ਕਰਦੇ ਹੋਏ ਉਸਨੇ ਕਿਹਾ ਕਿ ਅਸੀਂ ਅਗਲੇ ਕੁਝ ਸਾਲਾਂ ਵਿਚ ਸ਼ਹਿਰਾਂ ਵਿਚ ਬਹੁਤ ਸਾਰੀ ਪੂੰਜੀ ਲਾਜ਼ਮੀ ਹੀ ਲਾਵਾਂਗੇ। ਉਸਨੇ ਕਿਹਾ ਕਿ ਸੜਕਾਂ ਬਣਾਉਣ ਲਈ ਬਹੁਤ ਕੰਮ ਕੀਤਾ ਜਾ ਰਿਹਾ ਹੈ। ਕੌਮੀ ਹਾਈ ਵੇਅ ਬਣਾਉਣ ਲਈ 1,70,000 ਕਰੋੜ ਰੁਪਿਆ ਅਗਲੇ 7 ਸਾਲਾਂ ਵਿਚ ਖ਼ਰਚ ਕੀਤਾ ਜਾਵੇਗਾ। ਮੁਲਕ ਦੇ ਹਵਾਈ ਅੱਡੇ ਅੱਗੇ ਨਾਲੋਂ ਜ਼ਿਆਦਾ ਰੁੱਝੇ ਹੋਏ ਹਨ ਅਤੇ ਉਨ੍ਹਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਹੈਦਰਾਬਾਦ ਅਤੇ ਬੰਗਲੌਰ ਵਿਚ ਨਵੇਂ ਹਵਾਈ ਅੱਡੇ ਬਣਾਏ ਜਾਣਗੇ ਅਤੇ ਹੋਰ ਥਾਂਵਾਂ ਤੇ ਵੀ ਨਵੇਂ ਹਵਾਈ ਅੱਡੇ ਬਣਾਏ ਜਾ ਰਹੇ ਹਨ। ਮਨਮੋਹਨ ਸਿੰਘ ਨੇ ਕਿਹਾ ਕਿ 2004 ਦੇ ਲੋਕਾਂ ਫ਼ਤਵੇ ਦੇ ਬਾਅਦ ਉਹਦੀ ਸਰਕਾਰ ਨੇ ਉਹ ਕਦਮ ਚੁੱਕੇ ਹਨ ਜਿਨ੍ਹਾਂ ਦਾ ਹਿੰਦੁਸਤਾਨ ਦੀ ਸਿਆਸਤ, ਸਮਾਜ ਅਤੇ ਅਰਥਚਾਰੇ ਤੇ ਡੂੰਘਾ ਅਸਰ ਪਵੇਗਾ।

ਮਨਮੋਹਨ ਸਿੰਘ ਤੋਂ ਪਹਿਲਾਂ ਅੰਗਰੇਜ਼ਾਂ ਨੇ, ਨਹਿਰੂ ਨੇ, ਇੰਦਰਾ ਗਾਂਧੀ ਨੇ, ਰਾਜੀਵ ਗਾਂਧੀ ਨੇ, ਨਰਸਿਮ੍ਹਾਂ ਰਾਉ ਨੇ ਅਤੇ ਅਟਲ ਬਿਹਾਰੀ ਵਾਜਪਾਈ ਨੇ ਵੀ ਇਹੋ ਜਿਹੇ ਝੂਠ ਅਤੇ ਫਰੇਬ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਵਰਤੇ ਹਨ । ਅੰਗਰੇਜ਼ਾਂ ਨੇ ਅਮਨ, ਕਾਨੂੰਨ, ਖ਼ੁਸ਼ਹਾਲੀ ਅਤੇ ਜ਼ਿੰਮੇਵਾਰ ਸਰਕਾਰ ਦਾ ਫਰੇਬ ਚਲਾਇਆ ਸੀ। ਇੰਦਰਾ ਗਾਂਧੀ ਨੇ ਗਰੀਬੀ ਹਟਾਉਣ ਅਤੇ ਨਹਿਰੂ ਨੇ ਸੋਸ਼ਲਿਜ਼ਮ ਲਿਆਉਣ ਦਾ ਨਾਅਰਾ ਲਾਇਆ ਸੀ। ਰਾਜੀਵ ਗਾਂਧੀ ਨੇ ਮਿਸਟਰ ਕਲੀਨ ਬਣਕੇ ਰਿਸ਼ਵਤ ਅਤੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਨਾਅਰਾ ਲਾਇਆ ਸੀ ਅਤੇ ਫੇਰ ਭਾਜਪਾ ਅਤੇ ਵਾਜਪਾਈ ਨੇ ਲਿਸ਼ਕਦੇ ਹਿੰਦੁਸਤਾਨ ਦਾ ਫ਼ਰੇਬ ਚਲਾਇਆ ਸੀ। ਹੁਣ ਮਨਮੋਹਨ ਸਿੰਘ ਅਤੇ ਉਹਦੇ ਜੁੰਡੀਦਾਰਾਂ ਨੇ ਭਾਰਤ ਨਿਰਮਾਣ ਦਾ ਫਰੇਬੀ ਨਾਅਰਾ ਚਲਾਇਆ ਹੈ ਪਰ ਇਹਦਾ ਨਤੀਜਾ ਵੀ ਹਿੰਦੁਸਤਾਨ ਦੇ ਕੁਦਰਤੀ ਸਾਧਨਾਂ ਅਤੇ ਲੋਕਾਂ ਦੀ ਮਿਹਨਤ ਅਤੇ ਲੁੱਟ ਖਸੁੱਟ ਹੀ ਰਿਹਾ ਹੈ।

ਜਿਨੀ ਬਹੁਤੀ ਲੋਕਾਂ ਦੀ ਲੁੱਟ ਤੇਜ਼ ਹੁੰਦੀ ਜਾਂਦੀ ਹੈ ਅਤੇ ਗਰੀਬੀ ਵਧਦੀ ਜਾਂਦੀ ਉਤਨੇ ਬਹੁਤੇ ਜ਼ੋਰ ਨਾਲ ਹਾਕਮ ਜਮਾਤਾਂ ਦੇ ਨੁਮਾਂਇਦੇ ਅਤੇ ਉਨ੍ਹਾਂ ਦੀਆਂ ਸਰਕਾਰਾਂ ਇਹ ਦਾਅਵੇ ਕਰਦੇ ਹਨ ਕਿ ਉਹ ਗਰੀਬੀ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਸਮਾਜਿਕ ਨਿਆਂ ਲਈ ਬਚਨਬੱਧ ਹਨ। ਜੇ ਅੰਗ੍ਰੇਜ਼, ਕਾਂਗਰਸ, ਭਾਜਪਾ, ਸੀ.ਪੀ.ਆਈ, ਸੀ.ਪੀ.ਆਈ (ਐਮ) ਅਤੇ ਹਾਕਮ ਜਮਾਤਾਂ ਦੀਆਂ ਹੋਰ ਸਾਰੀਆਂ ਹੀ ਪਾਰਟੀਆਂ ਗਰੀਬੀ ਖ਼ਤਮ ਕਰਨ ਦੇ ਹੱਕ ਵਿਚ ਹਨ ਤਾਂ ਫਿਰ ਹਿੰਦੁਸਤਾਨ ਚ` ਗਰੀਬੀ ਖ਼ਤਮ ਕਿਉਂ ਨਹੀਂ ਹੁੰਦੀ? ਗਰੀਬੀ ਖ਼ਤਮ ਹੋਣ ਦੀ ਬਜਾਏ ਹੋਰ ਵਧਦੀ ਜਾ ਰਹੀ ਹੈ। ਮਿਸਾਲ ਦੇ ਤੌਰ ਤੇ ਪੰਜਾਬ ਪੈਦਾਵਾਰ ਦੇ ਸੈਂਕੜੇ ਗੁਣਾਂ ਵਧਣ ਦੇ ਬਾਵਜੂਦ ਵੀ ਕਿਸਾਨ ਕਰਜ਼ੇ ਦੇ ਦੱਬੇ ਹੋਏ ਖ਼ੁਦਕੁਸ਼ੀਆਂ ਕਰ ਰਹੇ ਹਨ। ਇਸੇ ਤਰਾਂ ਹੋਰਨਾਂ ਇਲਾਕਿਆਂ ਵਿਚ ਵੀ ਇਹੋ ਹਾਲ ਹੈ। ਸਾਮਰਾਜ ਦੇ ਸਾਰੇ ਅਦਾਰੇ ਜਿਵੇਂ ਕਿ ਆਲਮੀ ਬੈਂਕ, ਆਈ.ਐਮ.ਐਫ. ਅਤੇ ਹੋਰ ਅਦਾਰਿਆਂ ਨੇ ਵੀ ਗਰੀਬੀ ਖ਼ਿਲਾਫ਼ ਜੰਗ ਦਾ ਐਲਾਨ ਕੀਤਾ ਹੋਇਆ ਹੈ ਪਰ ਆਮ ਲੋਕਾਂ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ।

ਅੰਗਰੇਜ਼ਾਂ ਨੇ ਰੇਲਵੇ, ਸੜਕਾਂ, ਬਿਜਲੀ, ਨਹਿਰਾਂ ਅਤੇ ਟੈਲੀ ਗਰਾਫ ਦੀਆਂ ਤਾਰਾਂ ਦਾ ਜਾਲ ਹਿੰਦੁਸਤਾਨ ਵਿਚ ਇਸ ਲਈ ਵਿਛਾਇਆ ਸੀ ਤਾਂ ਕਿ ਹਿੰਦੁਸਤਾਨ ਦੀ ਲੁੱਟ ਉਹ ਹੋਰ ਵੀ ਤੇਜ਼ੀ ਨਾਲ ਕਰ ਸਕਣ। ਇਸੇ ਤਰਾਂ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਨੇ ਵੀ ਕਾਰਖ਼ਾਨੇ ਫੈਕਟਰੀਆਂ, ਸੜਕਾਂ, ਹਵਾਈ ਅੱਡੇ, ਕਾਲ ਸੈਂਟਰ ਅਤੇ ਹੋਰ ਬੰਦੋਬਸਤ ਲੋਕਾਂ ਦੀ ਲੁੱਟ ਨੂੰ ਤੇਜ਼ ਕਰਨ ਲਈ ਹੀ ਕੀਤੇ ਹਨ, ਲੋਕਾਂ ਦਾ ਹਾਲ ਸੁਧਾਰਨ ਲਈ ਨਹੀਂ। ਇਹ ਲੋਕਾਂ ਦੀ ਖ਼ੁਸ਼ਹਾਲੀ ਅਤੇ ਭਲੇ ਨਹੀਂ

ਬਲਕਿ ਉਨ੍ਹਾਂ ਦੀ ਛਿੱਲ ਲਾਹੁਣ ਲਈ ਹਨ। ਪਰ ਮਨਮੋਹਨ ਸਿੰਘ ਅਤੇ ਹੋਰ ਲੀਡਰ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਅਤੇ ਕਹਿੰਦੇ ਹਨ ਕਿ ਇਨ੍ਹਾਂ ਨਾਲ ਗਰੀਬੀ ਖ਼ਤਮ ਹੋਵੇਗੀ ਅਤੇ ਖੁਸ਼ਹਾਲੀ ਆਵੇਗੀ।

ਇਹ ਸਾਰੇ ਧੋਖੇ ਅਤੇ ਫ਼ਰੇਬ ਇਸ ਗੱਲ ਤੇ ਪਰਦਾ ਪਾਉਣ ਲਈ ਹਨ ਕਿ ਹਿੰਦੁਸਤਾਨ ਵਿਚ ਜਿਹੜੇ ਆਰਥਕ ਲੁਟ ਦੇ ਰਿਸ਼ਤੇ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨਿਜ਼ਾਮ ਨੇ ਕਾਇਮ ਕੀਤੇ ਹਨ ਤੇ ਬਰਕਰਾਰ ਹਨ ਉਨ੍ਹਾਂ ਰਿਸ਼ਤਿਆਂ ਨਾਲ ਗਰੀਬੀ ਹਰ ਰੋਜ਼ ਪੈਦਾ ਹੁੰਦੀ ਹੈ ਅਤੇ ਵਧਦੀ ਹੈ। ਇਸ ਆਰਥਕ ਤੰਤ੍ਰ ਵਿਚ ਜਿੰਨੀਂ ਅਮੀਰਾਂ ਦੀ ਦੌਲਤ ਵਧਦੀ ਹੈ ਉੱਨੀ ਹੀ ਮਿਹਨਤਕਸ਼ਾਂ, ਕਿਰਤੀਆਂ, ਕਿਸਾਨਾਂ ਅਤੇ ਹੋਰ ਲੋਕਾਂ ਦੀ ਗਰੀਬੀ ਵਧਦੀ ਹੈ ਕਿਉਂਕਿ ਅਮੀਰਾਂ ਦੀ ਦੌਲਤ ਲੋਕਾਂ ਦੀ ਲੁੱਟ ਨਾਲ ਹੀ ਵਧਦੀ ਹੈ। ਮਨਮੋਹਨ ਸਿੰਘ, ਕਾਂਗਰਸ ਪਾਰਟੀ, ਭਾਜਪਾ ਅਤੇ ਹਾਕਮ ਜਮਾਤਾਂ ਦੀਆਂ ਹੋਰ ਪਾਰਟੀਆਂ ਇਸ ਸੱਚ ਤੇ ਪਰਦਾ ਪਾਉਣ ਲਈ ਅਤੇ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਲਈ ਗਰੀਬੀ ਹਟਾਉਣ, ਲਿਸ਼ਕਦਾ ਹਿੰਦੁਸਤਾਨ, ਸੋਸ਼ਲਿਜ਼ਮ ਅਤੇ ਭਾਰਤ ਨਿਰਮਾਣ ਦੇ ਨਾਅਰੇ ਲਾਉਂਦੇ ਆਏ ਹਨ ਅਤੇ ਲਾਉਂਦੇ ਰਹਿੰਦੇ ਹਨ। ਉਹ ਇਹ ਇਸ ਗੱਲ ਨੂੰ ਲੁਕਾਉਂਦੇ ਹਨ ਕਿ ਲੋਕਾਂ ਦੇ ਮਾੜੇ ਹਾਲ ਦੀ ਕੀ ਵਜ੍ਹਾ ਹੈ ਅਤੇ ਉਸ ਲਈ ਕੌਣ ਜ਼ਿੰਮੇਵਾਰ ਹੈ ਅਤੇ ਇਨ੍ਹਾਂ ਹਾਲਾਤ ਦਾ ਖ਼ਾਤਮਾ ਕਿਸ ਤਰਾਂ ਕੀਤਾ ਜਾ ਸਕਦਾ ਹੈ।

ਇਨ੍ਹਾਂ ਭੁਲੇਖਿਆਂ ਨਾਲ ਇਹ ਲੋਕਾਂ ਨੂੰ ਗੁਮਰਾਹ ਕਰਕੇ, ਆਪਣੇ ਮਗਰ ਲਾ ਕੇ, ਆਪਣੀ ਲੁੱਟ ਖਸੁੱਟ ਦਾ ਸਿਲਸਿਲਾ ਜਾਰੀ ਰਖਦੇ ਹਨ। ਇਨ੍ਹਾਂ ਦੇ ਭੁਲੇਖਿਆਂ ਨੂੰ ਮਜ਼ਦੂਰ ਜਮਾਤ, ਕਿਸਾਨ, ਕਰਮਚਾਰੀ  ਅਤੇ ਹੋਰਨਾਂ ਦਬੇ ਕੁਚਲੇ ਲੋਕਾਂ ਵਿਚ ਮਕਬੂਲ ਕਰਾਉਣ ਲਈ ਸੀ.ਪੀ.ਆਈ ਅਤੇ ਸ਼ੀਪੀ.ਆਈ.(ਐਮ ) ਵੀ ਇਨ੍ਹਾਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਦਾ ਸਾਥ ਦਿੰਦੀਆਂ ਹਨ। ਆਪਣੇ ਆਪ ਨੂੰ ਕਮਿਉਨਿਸਟ ਕਹਿਣ ਵਾਲੀਆਂ ਇਹ ਪਾਰਟੀਆਂ ਲੋਕਾਂ ਨੂੰ ਚੌਕਸ ਨਹੀਂ ਕਰਦੀਆਂ ਕਿ ਕਾਂਗਰਸ ਪਾਰਟੀ ਅਤੇ ਮਨਮੋਹਨ ਸਿੰਘ ਉਨ੍ਹਾਂ ਨੂੰ ਗੁਮਰਾਹ ਕਰ ਰਹੇ ਹਨ। ਗਰੀਬੀ ਤਾਂ ਇਨ੍ਹਾਂ ਲੁੱਟ ਖਸੁੱਟ ਦੇ ਰਿਸ਼ਤਿਆਂ ਨੂੰ ਖ਼ਤਮ ਕਰਕੇ ਹੀ ਮੁੱਕ ਸਕਦੀ ਹੈ। ਆਉ ਇਕੱਠੇ ਹੋਕੇ ਇਨ੍ਹਾਂ ਰਿਸ਼ਤਿਆਂ ਨੂੰ ਖ਼ਤਮ ਕਰੀਏ। ਇਸ ਦੀ ਬਜਾਏ ਇਹ ਤਾਂ ਲੋਕਾਂ ਨੂੰ ਕਹਿੰਦੇ ਹਨ ਕਿ ਮਨਮੋਹਨ ਸਿੰਘ ਅਤੇ ਕਾਂਗਰਸ ਦੀ ਹਿਮਾਇਤ ਕਰੋ ਅਤੇ ਇਨ੍ਹਾਂ ਦੀ ਤਾਕਤ ਬਰਕਰਾਰ ਰੱਖੋ। ਹੋਰ ਗੱਲ ਤਾਂ ਪਰੇ ਇਨ੍ਹਾਂ ਨੇ ਬੰਗਾਲ ਵਿਚ ਪਿਛਲੇ 28 ਸਾਲਾਂ ਵਿਚ ਤਾਕਤ ਵਿਚ ਰਹਿ ਕੇ ਲੁੱਟ ਖਸੁੱਟ ਦੇ ਰਿਸ਼ਤੇ ਖ਼ਤਮ ਕਰਨ ਲਈ ਲੋਕਾਂ ਨੂੰ ਕਦੇ ਲਾਮਬੰਦ ਨਹੀਂ ਕੀਤਾ। ਉਥੇ ਵੀ ਲੁੱਟ ਖਸੁੱਟ ਹਿੰਦੁਸਤਾਨ ਦੇ ਹੋਰ ਹਿਸਿਆਂ ਵਾਂਗ ਹੀ ਤੇਜ਼ ਹੁੰਦੀ ਗਈ ਹੈ।

ਸਾਮਰਾਜੀਏ ਅਤੇ ਹਿੰਦੁਸਤਾਨੀ ਹਾਕਮ ਜਮਾਤਾਂ ਦਾ ਮੀਡੀਆ ਇਹ ਪਰਚਾਰ ਕਰਦਾ ਹੈ ਕਿ ਮਨਮੋਹਨ ਸਿੰਘ ਬਹੁਤ ਹੀ ਦਿਆਨਤਦਾਰ ਅਤੇ ਇਮਾਨਦਾਰ ਲੀਡਰ ਹੈ। ਇਹ ਹੋਰਨਾਂ ਵਾਂਗ ਭ੍ਰਿਸ਼ਟ ਅਤੇ ਝੂਠ ਨਹੀਂ ਬੋਲਦਾ ਅਤੇ ਉਹਦਾ ਇਤਬਾਰ ਕੀਤਾ ਜਾ ਸਕਦਾ ਹੈ। ਇਹ ਪਰਚਾਰ ਇਸ ਸਚਾਈ ਨੂੰ ਲੁਕਾਉਣ ਲਈ ਹੀ ਹੈ ਕਿ ਉਹ ਸਾਮਰਾਜੀਆਂ ਅਤੇ ਹਾਕਮ ਜਮਾਤਾਂ ਦਾ ਹੀ ਘਿਣਾਉਣਾ ਕੰਮ ਕਰਦਾ ਰਿਹਾ ਹੈ ਅਤੇ ਹੁਣ ਵੀ ਕਰ ਰਿਹਾ ਹੈ। ਇਸ ਆਰਥਕ ਅਤੇ ਸਿਆਸੀ ਤੰਤ੍ਰ, ਫਰੇਬ ਅਤੇ ਧੋਖੇ ਬਗੈਰ ਕਾਇਮ ਅਤੇ ਬਰਕਰਾਰ ਰਹਿ ਹੀ ਨਹੀਂ ਸਕਦੇ। ਇਸ ਲਈ ਮਨਮੋਹਨ ਸਿੰਘ ਹਰ ਮੌਕੇ ਤੇ ਹਾਕਮ ਜਮਾਤਾਂ ਦੇ ਹਿਤਾਂ ਲਈ ਫਰੇਬ ਤੇ ਫਰੇਬ ਘੜਨ ਨੂੰ ਮਜਬੂਰ ਹੈ। ਲੋਕਾਂ ਵਿਚ ਹਾਕਮ ਜਮਾਤਾਂ ਦੀ ਪਾਰਟੀਆਂ ਅਤੇ ਉਨ੍ਹਾਂ ਦੇ ਲੀਡਰਾਂ ਦੀ ਕੋਈ ਪ੍ਰਤੀਤ ਨਹੀਂ। ਇਸ ਸਾਰੀ ਸਿਆਸੀ ਪ੍ਰਣਾਲੀ ਅਤੇ ਤੰਤ੍ਰ ਵਿਚ ਲੋਕਾਂ ਦਾ ਕੋਈ ਯਕੀਨ ਨਹੀਂ। ਇਸ ਲਈ ਹਾਕਮ ਜਮਾਤਾਂ ਮਨਮੋਹਨ ਸਿੰਘ, ਲਾਲੂ ਪ੍ਰਸਾਦ ਯਾਦਵ, ਹਰਕਿਸ਼ਨ ਸੁਰਜੀਤ, ਸੋਨੀਆ ਗਾਂਧੀ, ਰਾਹੁਲ ਗਾਂਧੀ ਵਰਗੇ ਨਵੇਂ ਅਤੇ ਪੁਰਾਣੇ ਚੇਹਰਿਆਂ ਨੂੰ ਲੋੜ ਅਨੁਸਾਰ ਅੱਗੇ ਲਿਆਉਂਦੇ ਰਹਿੰਦੇ ਹਨ ਕਿ ਇਹ ਲੋਕਾਂ ਨੂੰ ਭ੍ਰਿਸ਼ਟਾਚਾਰ ਖ਼ਿਲਾਫ਼, ਗਰੀਬੀ ਖ਼ਿਲਾਫ਼ ਨਾਅਰੇ ਲਾ ਕੇ ਗੁਮਰਾਹ ਕਰ ਸਕਣ। ਇਸ ਤਰਾਂ ਇਕ ਫ਼ਰੇਬ ਦੇ ਬਾਅਦ ਹੋਰ ਫ਼ਰੇਬ ਚਲਦੇ ਰਹਿੰਦੇ ਹਨ।

ਸਿਰਫ਼ ਲੋਕ ਹੀ ਇਕੱਠੇ ਹੋਕੇ ਇਨ੍ਹਾਂ ਲੁੱਟ ਰਿਸ਼ਤਿਆਂ ਨੂੰ ਖ਼ਤਮ ਕਰਕੇ ਇਨ੍ਹਾਂ ਦੇ ਫ਼ਰੇਬ ਅਤੇ ਧੋਖੇ ਖ਼ਤਮ ਕਰ ਸਕਦੇ ਹਨ। ਤਮਾਮ ਦੇਸ਼ ਭਗਤਾਂ, ਇਨਕਲਾਬੀਆਂ ਅਤੇ ਕਮਿਉਨਿਸਟਾਂ ਨੂੰ ਲੋਕਾਂ ਨੂੰ ਇਸ ਕੰਮ ਲਈ ਲਾਮਬੰਦ ਕਰਕੇ ਨਵੀਂ ਉਸਾਰੀ ਲਈ ਲਾਮਬੰਦ ਕਰਨ ਦੀ ਲੋੜ ਹੈ। ਇਸ ਲਈ ਉਨ੍ਹਾਂ ਨੂੰ ਹਾਕਮ ਜਮਾਤਾਂ ਦੇ ਇਨ੍ਹਾਂ ਭੁਲੇਖਿਆਂ ਅਤੇ ਫਰੇਬਾਂ ਖ਼ਿਲਾਫ਼ ਵੀ ਸਿਆਸੀ ਸਿਧਾਂਤਕ ਘੋਲ ਤੇਜ਼ ਕਰਨ ਦੀ ਲੋੜ ਹੈ।